OFFICE OF THE
BRITISH COLUMBIA CONTAINER
TRUCKING COMMISSIONER

18 ਜੁਲਾਈ, 2019

# ਪੋਜ਼ੀਸ਼ਨਿੰਗ ਮੂਵਮੈਂਟ ਰੇਟ ਬਾਰੇ ਤਾਜ਼ਾ ਜਾਣਕਾਰੀ

ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ ("ਓ ਬੀ ਸੀ ਸੀ ਟੀ ਸੀ") ਤੋਂ, ਪੋਜ਼ੀਸ਼ਨਿੰਗ ਮੂਵਮੈਂਟ ਰੇਟ ("ਪੀ ਐੱਮ ਆਰ") ਦੇ ਸ਼ੁਰੂ ਹੋਣ ਤੋਂ ਬਾਅਦ ਹਿੱਤ ਰੱਖਣ ਵਾਲੀਆਂ ਵੱਖ ਵੱਖ ਧਿਰਾਂ ਵਲੋਂ ਕਾਫੀ ਸਵਾਲ ਪੁੱਛੇ ਗਏ ਹਨ ਅਤੇ ਆਪਣੇ ਵਿਚਾਰ ਦੱਸੇ ਗਏ ਹਨ। ਹਿੱਤ ਰੱਖਣ ਵਾਲੀਆਂ ਧਿਰਾਂ ਨੇ ਪੀ ਐੱਮ ਆਰ ਦੀ ਵਰਤੋਂ ਬਾਰੇ ਅਤੇ ਸ਼ੁਰੂ ਹੋਣ ਦੇ ਸਮੇਂ ਦੇ ਸੰਬੰਧ ਵਿਚ ਸਪਸ਼ਟੀਕਰਨ ਮੰਗੇ ਹਨ।

ਪੀ ਐੱਮ ਆਰ ਦੇਣ ਦੀ ਸ਼ਰਤ 1 ਜੁਲਾਈ, 2019 ਤੋਂ ਲਾਗੂ ਹੋ ਗਈ ਸੀ। ਉਸ ਤਾਰੀਕ ਨੂੰ, ਟ੍ਰਿਪ ਦੇ ਹਿਸਾਬ ਨਾਲ ਤਨਖਾਹ ਲੈਣ ਵਾਲੇ ਔਨ ਜਾਂ ਔਫ-ਡੌਕ ਟ੍ਰਿਪ ਕਰ ਰਹੇ ਹਰ ਡਰਾਈਵਰ ਨੂੰ ਟ੍ਰਿਪ ਰੇਟ ਦੀ ਪੇਮੈਂਟ ਦੇ ਇਲਾਵਾ 25 ਡਾਲਰ ਹੋਰ ਦਿੱਤਾ ਜਾਣਾ ਜ਼ਰੂਰੀ ਹੋ ਗਿਆ ਸੀ। ਲਸੰਸੀਆਂ ਲਈ ਡਰਾਈਵਰ ਦੀ ਤਨਖਾਹ ਦੀਆਂ ਸਾਰੀਆਂ ਸਲਿੱਪਾਂ ਉੱਪਰ ਪੀ ਐੱਮ ਆਰ ਦੀ ਪੇਮੈਂਟ ਬਾਰੇ ਦੱਸਣਾ ਅਤੇ ਵੱਖਰੇ ਤੌਰ `ਤੇ ਹਿਸਾਬ ਲਾਉਣਾ ਜ਼ਰੂਰੀ ਹੋ ਗਿਆ ਹੈ।

ਹਿੱਤ ਰੱਖਣ ਵਾਲੀਆਂ ਧਿਰਾਂ ਨੂੰ ਅਗਾਂਹ ਇਹ ਵੀ ਯਾਦ ਕਰਵਾਇਆ ਜਾਂਦਾ ਹੈ ਕਿ ਇਸ ਆਫਿਸ ਦੀ ਸਿਫਾਰਸ਼ ਮੁਤਾਬਕ, ਇਹ ਉਮੀਦ ਕੀਤੀ ਜਾਂਦੀ ਹੈ ਕਿ ਆਜ਼ਾਦ ਓਪਰੇਟਰਾਂ ਲਈ ਘੰਟਿਆਂ ਦੇ ਰੇਟ ਆਉਂਦੇ ਮਹੀਨਿਆਂ ਵਿਚ ਵਧ ਜਾਣਗੇ। ਵਾਧੇ ਦਾ ਨੋਟਿਸ ਅਗਾਊਂ ਅਤੇ ਬਾਅਦ ਦੀ ਕਿਸੇ ਤਰੀਕ ਨੂੰ ਦਿੱਤਾ ਜਾਵੇਗਾ।

ਸੱਚੇ ਦਿਲੋਂ,

**ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫਰਡ
ਕਮਿਸ਼ਨਰ

1085 Cambie St. Vancouver, BC V6B 5L7 | P: 604-660-6051 | F: 604-660-6045 | info@obcctc.ca